ੴ ਸਤਿਗੁਰੂ ਪ੍ਰਸਾਦਿ ॥

ਦਾਸ ਗੁਰੂ ਕਾ ਆਖਦਾ ਬੜੇ ਪਿਆਰ ਸੇਤੀ, ਮੇਰੀ ਸਿਖਿਆ ਰਿਦੇ ਤੂੰ ਧਾਰ ਬੀਬਾ ॥
ਸੁਭਾ ਉਠਕੇ ਨਿੱਤ ਇਸ਼ਨਾਨ ਕਰਨਾ, ਗੁਰੂ ਗ੍ਰੰਥ ਦਾ ਕਰੋ ਦੀਦਾਰ ਬੀਬਾ ॥
ਸੁਭਾ ਜਪੁਜੀ ਤੇ ਸ਼ਾਮ ਰਹਿਰਾਤ ਪਤਨੀ, ਰਾਤੀਂ ਸੋਹਿਲੇ ਦਾ ਕਰੋ ਉਚਾਰ ਬੀਬਾ ॥
ਰਾਤ ਸੌਣ ਵੇਲੇ ਸਾਰੇ ਦਿਨ ਭਰ ਦੇ, ਕੀਤੇ ਕਰਮਾਂ ਦਾ ਕਰੋ ਵਿਚਾਰ ਬੀਬਾ ॥
ਪਛੋਤਾਵਣਾ ਜੋ ਖੋਟਾ ਕਰਮ ਹੋਇਆ, ਅਗੇ ਵਾਸਤੇ ਰਹਿਣਾ ਹੁਸ਼ਿਆਰ ਬੀਬਾ ॥
ਨੇਕ ਕਰਮਾਂ ਦਾ ਤੁਸਾਂ ਨੇ ਜਤਨ ਕਰਨਾ, ਬੁਰੇ ਕਰਮਾਂ ਦਾ ਕਰੋ ਸੰਘਾਰ ਬੀਬਾ ॥
ਮਾਤਾ-ਪਿਤਾ ਦੇ ਹੁਕਮ ਨੂੰ ਮੋੜਨਾ ਨਾ, ਸਰਵਨ ਵਾਂਗ ਹੋ ਕੇ ਆਗਿਆਨਾਰ ਬੀਬਾ ॥
ਪੁੱਤਰ ਇਕ ਹੋਵੇ ਐਪਰ ਨੇਕ ਹੋਵੇ, ਚੰਦ ਵਾਂਗ ਜੋ ਕਰੇ ਉਜਿਆਰ ਬੀਬਾ ॥
ਪੁੱਤਰ ਮਾਤਾ ਤੇ ਪਿਤਾ ਦੀ ਕਰੇ ਸੇਵਾ, ਸੋ ਕਪੂਰ ਕਰੇ ਇਨਕਾਰ ਬੀਬਾ ॥
ਮਾਤਾ-ਪਿਤਾ ਦੀ ਆਗਿਆ ਪਾਲਣੀ ਜੀ, ਕਰਨਾ ਵਡਿਆਂ ਦਾ ਸਤਿਕਾਰ ਬੀਬਾ ॥
ਸੰਤਾਂ ਭਗਤਾਂ ਦੇ ਨਾਲ ਪ੍ਰੇਮ ਕਰਨਾ, ਹਥ ਜੋੜ ਕਰਨੀ ਨਮਸਕਾਰ ਬੀਬਾ ॥
ਧੀਰਜ ਧਰਮ ਤੇ ਸਤਿ, ਸੰਤੋਖ ਸ਼ਾਂਤੀ, ਕਰਨੀ ਦਇਆ ਤੇ ਪਰਉਪਕਾਰ ਬੀਬਾ ॥
ਸਤ ਸੰਤੋਖ ਤੇ ਧਰਮ ਉਪਕਾਰ ਕਰਨਾ, ਏਹੋ ਕਰਨਗੇ ਭਵਜਲੋ ਪਾਰ ਬੀਬਾ ॥
ਕਟੋ ਰੋਜ਼ ਸਫ਼ਾਈ ਦੇ ਨਾਲ ਏਥੇ, ਛਡੋ ਦਗੇ ਫਰੇਬ ਦੀ ਕਾਰ ਬੀਬਾ ॥
ਚੋਰੀ ਯਾਰੀ ਤੇ ਜੂਏ ਦੀ ਖੇਡ ਖੇਡੇ, ਨਿੰਦਾ ਓਸਦੀ ਹੋਵੇ ਬਾਜਾਰ ਬੀਬਾ ॥
ਜੈਸਾ ਕਰੇ ਕੋਈ ਤੈਸਾ ਭਰੇ ਓਹੀ, ਨਾਰਾਂ ਚਾਰ ਛੀ ਕਰਨ ਪੁਕਾਰ ਬੀਬਾ ॥
ਛਲ ਕਪਟ ਤੇ ਮਸ਼ਕਰੀ ਝੂਠ ਨਿੰਦਾ, ਲਾਲਚ, ਚੋਰੀ ਤੇ ਬੁਰਾ ਹੰਕਾਰ ਬੀਬਾ ॥
ਹਾਸੀ ਮਸ਼ਕਰੀ ਕਿਸੇ ਨੂੰ ਨਹੀਂ ਕਰਨੀ, ਬੜਾ ਦੁੱਖ ਮਿਲਦਾ ਆਖਰਕਾਰ ਬੀਬਾ ॥
ਹਾਸੀ ਕਰੀ ਸੀ ਦ੍ਰੋਪਦਾਂ ਨਾਲ ਦੇਵਰ, ਹੋਈ ਸਭਾ ਦੇ ਵਿਚ ਲਾਚਾਰ ਬੀਬਾ ॥
'ਸਾਂਭੇ' ਕੀਤੀ ਦੁਰਬਾਸ਼ਾ ਨੂੰ ਮਸ਼ਕਰੀ ਸੀ, ਬੰਸ ਯਾਦਵਾਂ ਗਈ ਸਿਧਾਰ ਬੀਬਾ ॥
ਆਵੇ ਕਰੋਧ ਤਾਂ ਸ਼ਾਂਤੀ ਤੋਂ ਕੰਮ ਲਣਾ, ਕ੍ਰੋਧ ਕਲਾ ਦਾ ਹਈ ਭੰਡਾਰ ਬੀਬਾ ॥
ਲੜਕੇ ਕੋਈ ਜੇ ਤੈਨੂੰ ਕੁਬਚਨ ਬੋਲੇ, ਨਾਲ ਨਿਮ੍ਰਤਾ ਕਰੀਂ ਗੁਫਤਾਰ ਬੀਬਾ ॥
ਸਚੀ ਗਲ ਮਿਠਾਸ ਦੇ ਨਾਲ ਭਰੀ, ਕਰਕੇ ਲਈ ਅਸੀਸ ਹਜਾਰ ਬੀਬਾ ॥
ਮੂਰਖ ਕਪਟੀ ਦਾ ਸੰਗ ਨਾ ਮੂਲ ਕਰਨਾ, ਖੋਟੇ ਕੰਮਾਂ ਤੋਂ ਰਹੀ ਖ਼ਬਰਦਾਰ ਬੀਬਾ ॥
ਬਚਨ ਕਰਕੇ ਖਿਸਕਣਾ ਜੋਗ ਨਹੀਂਓ, ਨੀਅਤ ਸਾਫ਼ ਤੇ ਸੁਧ ਵਿਹਾਰ ਬੀਬਾ ॥
ਝਗੜਾ ਕਿਸੇ ਨਾਲ ਨਾ ਮੂਲ ਕਰਨਾ, ਦੋਖੀ ਨਾਲ ਵੀ ਕਰੀਂ ਪਿਆਰ ਬੀਬਾ ॥
ਜਿੰਨੀ ਵਧੇ ਮਾਇਆ, ਬਣੀ ਨੇਕ ਓਨਾ, ਸੰਪਤ ਦੇਖ ਕੇ ਨਾ ਕਰੀਂ ਹੰਕਾਰ ਬੀਬਾ ॥
ਜਿਹੜਾ ਦੇਂਵਦਾ ਏ ਓਹੀ ਖੋਂਵਦਾ ਹੈ, ਸਾਰੀ ਉਸਦੇ ਹਥ ਹੈ ਕਾਰ ਬੀਬਾ ॥
ਕਾਹਦੇ ਵਾਸਤੇ ਵੈਰ-ਵਿਰੋਧ ਕਰੀਏ, ਜਦ ਕਿ ਰਹਿਣਾਂ ਨਹੀਂ ਵਿਚ ਸੰਸਾਰ ਬੀਬਾ ॥
ਖ਼ਾਲੀ ਹੱਥ ਆਇਓਂ ਖ਼ਾਲੀ ਹੱਥ ਜਾਣਾ, ਕਦੀਂ ਬਣੀਂ ਨਾ ਸੂਮ ਦਾ ਯਾਰ ਬੀਬਾ ॥
ਲਖ ਲਾਣਤਾਂ ਚੰਦਰੇ ਸੂਮ ਤਾਈਂ, ਉਸਦੇ ਜੀਵਨੇ ਨੂੰ ਧ੍ਰਿਗਕਾਰ ਬੀਬਾ ॥
ਲੱਖ ਵਾਰ ਮੈਂ ਹਾਂ ਧੰਨਵਾਦੀ ਉਸਦਾ, ਜਿਹੜਾ ਲਵੇ ਗਰੀਬਾਂ ਦੀ ਸਾਰ ਬੀਬਾ ॥
ਏਹੋ ਧਰਮ ਹੈ ਨੇਕ ਹਸਤੀਆਂ ਦਾ, ਲਿਖਿਆ ਵੇਦ ਪੁਰਾਣ ਵਿਚਕਾਰ ਬੀਬਾ ॥
ਸਾਧ ਸੰਗਤ ਨੂੰ ਛਕੌਣਾ ਅੰਨ ਪਾਣੀ, ਸੇਵਾ ਕਰੀਂ ਅਨੇਕ ਪ੍ਰਕਾਰ ਬੀਬਾ ॥
ਜਿਸਨੂੰ ਰਬ ਦਿਤਾ ਖਾਵੇ ਵੰਡ ਕੇ ਓਹ, ਸੁਖੀ ਰਹੇਗਾ ਸਣੇ ਪਰਵਾਰ ਬੀਬਾ ॥

ਦਾਨ ਪੁੰਨ ਕਰਕੇ ਖਰਚਾ ਬੰਨ੍ਹ ਲੈਣਾ, ਅਗੇ ਮਿਲੇ ਨਾ ਕੁਝ ਉਧਾਰ ਬੀਬਾ ॥
ਜਦ ਉਨਾਂ ਦਾ ਗਾਂਵਦਾ ਜਗ ਸਾਰਾ, ਕੀਤੇ ਜਿਨਾਂ ਨੇ ਪਰਉਪਕਾਰ ਬੀਬਾ ॥
ਸਾਥੀ ਹੋਣਗੇ ਨੇਕ ਅਸਮਾਲ ਤੇਰੇ, ਕੋਈ ਹੋਰ ਨਾਹੀ ਮਦਦਗਾਰ ਬੀਬਾ ॥
ਵਿਰਲਾ ਸੁਖੀ ਗਿਆਨ ਵੀਚਾਰ ਵਾਲਾ, ਭਰਿਆ ਦੁਖਾਂ ਦਾ ਕੁਲ ਸੰਸਾਰ ਬੀਬਾ ॥
ਚੁਗਲੀ ਈਰਖਾ ਕਿਸੇ ਦੀ ਨਹੀਂ ਕਰਨੀ, ਤੈਨੂੰ ਦਸਿਆ ਵੇਦ ਦਾ ਸਾਰ ਬੀਬਾ ॥
ਇਨ੍ਹਾਂ ਵਾਕਾਂ ਤੇ ਕਰੇਗਾ ਅਮਲ ਜੇਹੜਾ, ਉਸਦੀ ਰਖਿਆ ਕਰੇ ਕਰਤਾਰ ਬੀਬਾ ॥
ਜਿਹੜਾ ਭਗਤਾਂ ਦੀ ਨਿੰਦਿਆ ਕਰਨ ਵਾਲਾ, ਬੇੜਾ ਡੁਬੇਗਾ ਉਸਦਾ ਵਿਚਕਾਰ ਬੀਬਾ ॥
ਪਰਾਲਬਧ ਅਨੁਸਾਰ ਜੋ ਮਿਲ ਜਾਵੇ, ਕਰਨਾ ਉਸ ਵਿਚ ਸ਼ੁਕਰ ਗੁਜਾਰ ਬੀਬਾ ॥
ਬੁਰੀ ਨਜ਼ਰ ਨ ਧਰੀ ਪਰਨਾਰੀਆਂ ਤੇ, ਪੜੋ ਟੀਕੇ ਵਾਲੀ ਆਸਾ ਵਾਰ ਬੀਬਾ ॥
ਨਜਰ ਸਾਫ ਤੇ ਨਿਓਂ ਚਲਣਾ ਏ, ਮਾਤਾ ਸਮਝਣੀ ਗੈਰ ਦੀ ਨਾਰ ਬੀਬਾ ॥
ਬਿਨਾਂ ਦਾਵਿਓਂ ਉਮਰ ਗੁਜਾਰ ਇੱਥੇ, ਬਿਨਸਹਾਰ ਹੈ ਸਭ ਸੰਸਾਰ ਬੀਬਾ ॥
ਥੋੜਾ ਸੌਨ ਕਰਨਾ, ਥੋੜਾ ਖ਼ਾਵਣਾ ਏ, ਮੀਠਾ ਬੋਲਣਾ ਰਹਿਣਾ ਸਚਿਆਰ ਬੀਬਾ ॥
ਤੁਰਦੇ ਫਿਰਦਿਆਂ ਅੰਨ ਨਾ ਮੂ ਖ਼ਾਣਾ, ਨਾਲ ਧੀਰਜ ਦੇ ਕਰੋ ਆਹਾਰ ਬੀਬਾ ॥
ਓਨ ਬਾਤ ਕਰਨੀ ਜਿੰਨੀ ਜਾਣਦੇ ਹੋ, ਝੂਠ ਬਾਲੜੀ ਛੱਡ ਗੁਫਤਾਰ ਬੀਬਾ ॥
ਗੱਲ ਓਹੀ ਕਰਨੀ ਜਿਹੜੀ ਠੀਕ ਹੋਵੇ, ਮੁਖੋਂ ਬੋਲਣਾ ਆਦਿ ਬੀਚਾਰ ਬੀਬਾ ॥
ਗਲ ਕਿਸੇ ਦੀ ਵਿਚ ਨਾ ਗਲ ਕਰਨੀ, ਕਰਨਾ ਕਿਸੇ ਨੂੰ ਨਹੀਂ ਦੁਖਿਆਰ ਬੀਬਾ ॥
ਆਪੇ ਗੱਲ ਕਰਕੇ ਆਪੇ ਹਸਣਾ ਨਹੀਂ, ਇਕ ਬਾਤ ਨਾ ਕਹੁ ਬਾਰ ਬਾਰ ਬੀਬਾ ॥
ਇਸ ਬਾਤ ਦਾ ਕਦਰ ਜਿਸ ਨਹੀਂ ਕੀਤਾ, ਓਹੋ ਮੂਰਖਾਂ ਦਾ ਹਈ ਸਰਦਾਰ ਬੀਬਾ ॥
ਭੇਤ ਕਿਸੇ ਦਾ ਕਿਸੇ ਨੂੰ ਦਸਣਾ ਨਹੀਂ, ਭੇਤ ਦਸਣਾਂ ਬੁਰੇ ਦੀ ਕਾਰ ਬੀਬਾ ॥
ਨਹੀਂ ਆਪਣੀ ਆਪ ਤਾਰੀਫ਼ ਕਰਨੀ, ਕਰਨਾਂ ਦੂਸਰੇ ਦਾ ਸਤਿਕਾਰ ਬੀਬਾ ॥
ਸੁਆਲ ਕਰਨ ਤੋਂ ਜਰਾ ਸੰਕੋਚ ਰਖੀਂ, ਬਣੀ ਦੁਖੀਆਂਦਾ ਗਮਖਾਰ ਬੀਬਾ ॥
ਕਿਸੇ ਹੋਰ ਦੀ ਰੀਸ ਨਾ ਕਦੇ ਕਰਨੀ, ਪੱਲਾ ਆਪਣਾ ਲਈ ਵੀਚਾਰ ਬੀਬਾ ॥
ਅਉਗੁਣ ਦੂਜੇ ਦੇ ਦੇਖ ਅਣਡਿਠ ਕਰਨੇ, ਔਗੁਣ ਆਪਣੇ ਲਵੋ ਚਿਤਾਰ ਬੀਬਾ ॥
ਡਰਦਾ ਰਹੀਂ ਤੂੰ ਪਾਪ ਦੇ ਕਰਨ ਵਲੋਂ, ਜਾਣੀ ਜਾਣ ਤੂੰ ਸਮਝ ਕਰਤਾਰ ਬੀਬਾ ॥
ਗੁਝੇ ਛਿਪੇ ਭੀ ਕਰਮਾਂ ਨੂੰ ਜਾਣਦਾ ਏ, ਉਹਦੀ ਨਜਰ ਵਿਚ ਸਾਰਾ ਸੰਸਾਰ ਬੀਬਾ ॥
ਜਿਥੋਂ ਤੀਕ ਹੋਵੇ ਕਰੀਂ ਭਲਾ ਸਭ ਦਾ, ਬੁਰਾ ਕਿਸੇ ਦਾ ਨਹੀਂ ਚਿਤਾਰ ਬੀਬਾ ॥
ਜੇਹੀ ਆਏ ਬਣੇ ਓਸੇ ਤੇ ਖੁਸ਼ ਰਹਿਣਾ, ਵਿਚ ਫਿਕਰਨਾ ਉਮਰ ਗੁਜਾਰ ਬੀਬਾ ॥
ਘਾਟਾ ਪਵੇ ਨਾ ਓਨਾਂ ਵਪਾਰੀਆਂ ਨੂੰ, ਸ਼ੁਧ ਜਿਨਾਂ ਦਾ ਹੈ ਵਿਹਾਰ ਬੀਬਾ ॥
ਮਨ ਰਹੇ ਪਰਮਾਤਮਾ ਨਾਲ ਜੁੜਿਆ, ਹਥਾਂ ਨਾਲ ਕਰੀਏ ਸਭ ਕਾਰ ਬੀਬਾ ॥
ਵਾਹਿਗੁਰੂ ਨਾਮ ਨੂੰ ਕਦੇ ਭੁਲਾਵਣਾ ਨਹੀਂ, ਜਿਹੜਾ ਸਾਰਿਆਂ ਦਾ ਰਚਨਹਾਰ ਬੀਬਾ ॥
ਪੰਜ ਤਤ ਦੀ ਦੇਹ ਨੇ ਬਿਨਸ ਜਾਣਾ, ਆਤਮ ਦੇਹ ਨਾ ਬਿਨਸਨੇਹਾਰ ਬੀਬਾ ॥
ਆਪਣਾ ਰੂਪ ਪਛਾਣ ਕੇ ਸਾਰਿਆਂ ਨੂੰ, ਕਰਨਾ ਸਭ ਦੇ ਨਾਲ ਹਿਤਕਾਰ ਬੀਬਾ ॥
ਦਾਸ ਗੁਰੂ ਕੇ ਕਹੇ ਨੇ ਵਾਕ ਅਨੇਕ ਤੈਨੂੰ, ਬਚਨ ਕੋਈ ਤਾਂ ਰਿਦੈ 'ਚ ਧਾਰ ਬੀਬਾ ॥
ਏਹ ਬਚਨ ਧਾਰੇ ਰਿਦੇ ਵਿਚ ਜੇਹੜਾ, ਉਹਨੂੰ ਦੇਵੇਗਾ ਪ੍ਰਭੂ ਦੀਦਾਰ ਬੀਬਾ ॥
ਰਹਿਤ ਵਿਚ ਤਿਆਰ ਬਰਤਿਆਰ ਰਹਿਣਾ । ਤਰਕ ਦ੍ਰਿਸ਼ਟੀ ਤੋਂ ਸੰਕੋਚ ਰੱਖਣਾ ।
ਸਰਬਤ ਨੂੰ ਗੁਰ ਫਤੇ ਪਰਵਾਨ ਹੋਵੇ ।

ਗੁਰੂ ਪੰਥ ਦਾ ਦਾਸ :-
ਕਰਤਾਰ ਸਿੰਘ 'ਖਾਲਸਾ'